# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਦਫ਼ਤਰ ਡੀਨ, ਅਕਾਦਮਿਕ ਮਾਮਲੇ**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਟੀਚਿੰਗ ਵਿਭਾਗਾਂ ਵਿੱਚ ਚਲ ਰਹੇ ਕੋਰਸਾਂ ਵਿੱਚ ਖਾਲੀ ਸੀਟਾਂ ਦੇ ਦਾਖਲਿਆਂ ਲਈ ਨਵੀਂ ਨੀਤੀ **"ਲੇਟਰਲ ਐਂਟਰੀ-ਕਮ-ਮਾਈਗਰੇਸ਼ਨ"** ਨਿਮਨ ਲਿਖਤ ਅਨੁਸਾਰ ਹੋਵੇਗੀ:

1. ਯੂਨੀਵਰਸਿਟੀ ਕੈਂਪਸ ਵਿਖੇ ਸਥਿਤ ਵਿਭਾਗਾਂ ਤੋਂ ਹਰੇਕ ਅਕਾਦਮਿਕ ਵਰ੍ਹੇ ਦੇ ਅੰਤ ਵਿੱਚ ਪੋਸਟ-ਗ੍ਰੈਜੂਏਟ ਅਤੇ ਤਿੰਨ/ਚਾਰ/ਪੰਜ ਸਾਲਾ ਕੋਰਸਾਂ ਦੇ ਪਹਿਲੇ ਵਰ੍ਹੇ ਵਿੱਚ ਖਾਲੀ ਰਹੀਆਂ/ਵਿਦਿਆਰਥੀਆਂ ਵਲੋਂ ਦਾਖਲਾ ਲੈਣ ਉਪਰੰਤ ਕੋਰਸ ਦੀ ਪੜ੍ਹਾਈ ਅੱਧ-ਵਿਚਾਕਾਰ ਹੀ ਛੱਡ ਦੇਣ ਉਪਰੰਤ ਖਾਲੀ ਹੋਈਆਂ ਸੀਟਾਂ ਦਾ ਵੇਰਵਾ ਇਕੱਤਰ ਕੀਤਾ ਜਾਵੇਗਾ। ਇਸ ਪਾਲਿਸੀ ਤਹਿਤ ਖਾਲੀ ਸੀਟਾਂ ਯੂਨੀਵਰਸਿਟੀ ਪੋਰਟਲ ਤੇ ਅਪਲੋਡ ਕਰਨ ਅਤੇ ਵਿਗਿਆਪਨ/ਬਿਨੈ-ਪੱਤਰਾਂ ਦੀ ਪ੍ਰਾਪਤੀ ਉਪਰੰਤ ਅਗਲੇ ਅਕਾਦਮਿਕ ਵਰ੍ਹੇ ਲਈ **"ਲੇਟਰਲ ਐਂਟਰੀ-ਕਮ-ਮਾਈਗਰੇਸ਼ਨ"** ਨੀਤੀ ਤਹਿਤ ਭਰੀਆਂ ਜਾ ਸਕਣਗੀਆਂ। ਇਹ ਨੀਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਿਤ ਇੰਜੀਨੀਅਰਿੰਗ ਦੇ ਕੋਰਸਾਂ ਅਤੇ ਤਲਵੰਡੀ ਸਾਬੋ ਕੈਂਪਸ ਵਿੱਚ ਪਹਿਲਾਂ ਤੋਂ ਹੀ ਦਾਖਲ ਹੋਏ ਵਿੱਦਿਆਰਥੀਆਂ ਤੇ ਲਾਗੂ ਨਹੀਂ ਹੋਵੇਗੀ।
2. ਇਸ ਨੀਤੀ ਵਿੱਚ ਲੇਟਰਲ ਐਂਟਰੀ-ਕਮ-ਮਾਈਗਰੇਸ਼ਨ ਫੀਸ ਦੀ ਰਾਸ਼ੀ ਡੀਨ, ਅਕਾਦਮਿਕ ਮਾਮਲੇ, ਡੀਨ ਫੈਕਲਟੀ ਅਤੇ ਵਿੱਤ ਅਫ਼ਸਰ ਦੁਆਰਾ ਤਹਿ ਕੀਤੀ ਜਾਵੇਗੀ।
3. ਇਸ ਪਾਲਿਸੀ ਅਧੀਨ ਦਾਖਲ ਹੋਣ ਵਾਲੇ ਵਿਦਿਆਰਥੀਆਂ ਨੇ ਪੋਸਟ-ਗ੍ਰੈਜੂਏਟ ਅਤੇ ਤਿੰਨ/ ਚਾਰ/ਪੰਜ ਸਾਲਾ ਕੋਰਸਾਂ ਦੇ ਪਹਿਲੇ ਵਰ੍ਹੇ ਦੀ ਪੜ੍ਹਾਈ ਕਿਸੇ ਵੀ ਮਾਨਤਾ ਪ੍ਰਾਪਤ ਵਿੱਦਿਅਕ ਸੰਸਥਾ/ਇੰਸਟੀਚਿਊਟ/ ਯੂਨੀਵਰਸਿਟੀ ਤੋਂ ਕੀਤੀ ਹੋਣੀ ਚਾਹੀਦੀ ਹੈ। ਵਿਦਿਆਰਥੀ ਵਲੋਂ ਜਮ੍ਹਾਂ ਕਰਵਾਏ ਸੰਬੰਧਿਤ ਦਸਤਾਵੇਜ਼ਾਂ ਦੇ ਬਾਰੀਕੀ ਨਿਰੀਖਣ ਉਪਰੰਤ ਹੀ ਵਿਦਿਆਰਥੀ ਦਾ ਦਾਖਲਾ ਸੰਭਵ ਹੋਵੇਗਾ।
4. ਇਸ ਪਾਲਿਸੀ ਅਧੀਨ ਦਾਖਲ ਹੋਣ ਵਾਲੇ ਵਿਦਿਆਰਥੀ ਆਪਣੇ ਬਿਨੈ-ਪੱਤਰ, ਇੱਕ ਹਜ਼ਾਰ (700 ਰੁ. ਐਸ.ਸੀ. ਵਿਦਿਆਰਥੀਆਂ ਲਈ) ਫੀਸ ਜਮ੍ਹਾਂ ਕਰਵਾਉਣ ਉਪਰੰਤ ਸੰਬੰਧਿਤ ਵਿਭਾਗ ਵਿੱਚ ਜਮ੍ਹਾਂ ਕਰਵਾਈ ਰਾਸ਼ੀ ਦੀ ਰਸੀਦ ਸਮੇਤ ਜਮ੍ਹਾਂ ਕਰਵਾਉਣਗੇ।
5. ਵਿਦਿਆਰਥੀਆਂ ਨੇ ਕਿੰਨੇ ਡੈਫੀਸੈਂਟ ਪੇਪਰ ਪਾਸ ਕਰਨੇ ਹੋਣਗੇ, ਦੀ ਲਿਸਟ ਦਾਖਲੇ ਉਪਰੰਤ ਸੰਬੰਧਿਤ ਵਿਭਾਗ ਵਿਦਿਆਰਥੀਆਂ ਅਤੇ ਕੰਟਰੋਲਰ (ਪ੍ਰੀਖਿਆਵਾਂ) ਨੂੰ ਜਾਣੂ ਕਰਵਾਉਣਗੇ।
6. ਪਿਛਲੀ ਵਿਦਿਅਕ ਸੰਸਥਾ, ਜਿਸ ਵਿੱਚ ਵਿਦਿਆਰਥੀ ਪੜ੍ਹਾਈ ਦੇ ਕਾਰਜ ਉਪਰੰਤ ਇਸ ਪਾਲਿਸੀ ਅਧੀਨ ਯੂਨੀਵਰਸਿਟੀ ਵਿੱਚ ਦਾਖਲ ਹੋਇਆ ਹੈ, ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ, ਫੀਸਾਂ ਦਾ ਬਕਾਇਆ ਆਦਿ ਦੀ ਜਿੰਮੇਵਾਰੀ ਵਿਦਿਆਰਥੀ ਦੀ ਹੀ ਹੋਵੇਗੀ।
7. ਡੈਫੀਸੈਂਟ ਕੋਰਸ ਦੇ ਹਰੇਕ ਥਿਊਰੀ/ਪ੍ਰੈਕਟੀਕਲ ਪੇਪਰ ਦੀ ਫੀਸ 1500/- ਰੁ. (ਜੋ ਕਿ ਸਮੇਂ-ਸਮੇਂ ਅਨੁਸਾਰ ਵਧਾਈ/ਘਟਾਈ ਜਾ ਸਕਦੀ ਹੈ) ਹੋਵੇਗੀ।
8. ਇਸ ਪਾਲਿਸੀ ਅਧੀਨ ਦਾਖਲ ਹੋਏ ਵਿਦਿਆਰਥੀਆਂ ਦੀ ਫੀਸਾਂ, ਦਾਖਲੇ ਉਪਰੰਤ, ਪਹਿਲਾਂ ਤੋਂ ਇਸ ਕੋਰਸ ਵਿੱਚ ਪੜ੍ਹ ਰਹੇ ਰੈਗੂਲਰ ਵਿਦਿਆਰਥੀਆਂ ਵਾਲੀਆਂ ਹੋਣਗੀਆਂ।
9. ਕਿਸੇ ਵੀ ਤਰ੍ਹਾਂ ਦਾ ਵਿਵਾਦ ਪਾਏ ਜਾਣ ਤੇ ਅੰਤਿਮ ਫੈਸਲਾ ਡੀਨ ਅਕਾਦਮਿਕ ਮਾਮਲੇ, ਵਿੱਤ ਅਫ਼ਸਰ, ਸੰਬੰਧਿਤ ਵਿਭਾਗ ਦੇ ਮੁਖੀ ਅਤੇ ਕੰਟਰੋਲਰ (ਪ੍ਰੀਖਿਆਵਾਂ) ਆਧਾਰਿਤ ਕਮੇਟੀ ਕਰੇਗੀ ਜੋ ਕਿ ਸਭ ਨੂੰ ਮਨਣਾ ਹੋਵੇਗਾ।
10. ਇਸ ਪਾਲਿਸੀ ਨੂੰ ਅਕਾਦਮਿਕ ਵਰ੍ਹੇ 2021-22 ਤੋਂ ਹੋਂਦ ਵਿੱਚ ਲਿਆਂਦਾ ਜਾਵੇਗਾ। ਇਸਦੀ ਅਕਾਦਮਿਕ ਕੌਂਸਲ ਤੋਂ ਪੁਸ਼ਟੀ ਕਰਵਾ ਦਿੱਤੀ ਜਾਵੇਗੀ।
11. ਬਿਨੈਕਾਰਾਂ ਦੀ ਗਿਣਤੀ, ਖਾਲੀ ਸੀਟਾਂ ਤੋਂ ਵਧ ਜਾਣ ਦੀ ਸੂਰਤ ਵਿੱਚ ਦਾਖਲਾ ਮੈਰਿਟ ਦੇ ਅਧਾਰ ਤੇ ਹੋਵੇਗਾ। ਮੈਰਿਟ ਲਈ ਹੇਠਲੀ ਕਲਾਸ ਦੀ ਪ੍ਰਤੀਸ਼ਤਤਾ ਹੀ ਅਧਾਰ ਹੋਵੇਗੀ।
12. ਇਸ ਪਾਲਿਸੀ ਅਧੀਨ ਚਾਰਜ ਕੀਤੀ ਜਾਣ ਵਾਲੀ ਫੀਸ ਦੀ ਰਾਸ਼ੀ ਖਾਲੀ ਸੀਟਾਂ ਦੇ ਟੇਬਲ ਵਿੱਚ ਦਰਸਾਈ ਗਈ ਹੈ।